BCRenal
Provincial Health Services Authority

# ਬੀ ਸੀ ਵਿੱਚ ਡਾਇਐਲੇਸਿਸ ਦੀਆਂ ਚੋਣਾਂ



## ਆਪਣੇ ਲਈ ਇਲਾਜ ਦੀ ਠੀਕ ਚੋਣ ਕਰਨ ਲਈ ਗਾਈਡ







Provincial Health Services Authority
BC Children's Hospital
fraserhealth Better health. Best in health care.
Interior Health
island health
northern health the northern way of caring
Providence Health Care How you want to be treated.
Vancouver CoastalHealth Promoting wellness. Ensuring care.



# ਬ੍ਰਿਟਿਸ਼ ਕੋਲੰਬੀਆ ਵਿੱਚ ਮਰੀਜ਼ਾਂ ਕੋਲ ਆਪਣੀ ਡਾਇਐਲੇਸਿਸ ਦੀ ਸੰਭਾਲ ਬਾਰੇ ਕਈ ਚੋਣਾਂ ਹਨ।

**ਇਹ ਬ੍ਰੋਸ਼ਰ ਤੁਹਾਡੇ ਲਈ ਡਾਇਐਲੇਸਿਸ ਦੀਆਂ ਉਹਨਾਂ ਚੋਣਾਂ ਬਾਰੇ ਸੋਚਣ ਲਈ ਸ਼ੁਰੂ ਦਾ ਪੜਾਅ ਹੈ, ਜਿਹੜੀਆਂ ਚੋਣਾਂ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਠੀਕ ਹਨ। ਆਪਣੀਆਂ ਚੋਣਾਂ ਬਾਰੇ ਗੱਲਬਾਤ ਕਰਨ ਲਈ ਅਸੀਂ ਤੁਹਾਨੂੰ ਆਪਣੇ ਗੁਰਦਿਆਂ ਦੇ ਡਾਕਟਰ ਅਤੇ ਸੰਭਾਲ ਕਰਨ ਵਾਲੀ ਟੀਮ ਨਾਲ ਮਿਲਣ ਲਈ ਉਤਸ਼ਾਹਿਤ ਕਰਦੇ ਹਾਂ।**

## ਡਾਇਐਲੇਸਿਸ ਕੀ ਹੈ?

ਡਾਇਐਲੇਸਿਸ ਇਕ ਇਲਾਜ ਹੈ ਜਿਹੜਾ ਇਕ ਸਿਹਤਮੰਦ ਗੁਰਦੇ ਦੇ ਕੁੱਝ ਕਾਰਜਾਂ ਦੀ ਥਾਂ ਲੈਂਦਾ ਹੈ। ਇਸ ਦੀ ਉਦੋਂ ਲੋੜ ਹੁੰਦੀ ਹੈ ਜਦੋਂ ਤੁਹਾਡੇ ਗੁਰਦੇ ਤੁਹਾਨੂੰ ਸਿਹਤਮੰਦ ਰੱਖਣ ਲਈ ਚੰਗੀ ਤਰ੍ਹਾਂ ਕੰਮ ਨਹੀਂ ਕਰਦੇ।

ਡਾਇਐਲੇਸਿਸ ਦੀਆਂ ਦੋ ਕਿਸਮਾਂ ਹਨ, ਹੀਮੋਡਾਇਐਲੇਸਿਸ ਅਤੇ ਪੈਰੀਟੋਨੀਅਲ ਡਾਇਐਲੇਸਿਸ। ਦੋਵੇਂ ਤਰ੍ਹਾਂ ਦੇ ਇਹ ਡਾਇਐਲੇਸਿਸ ਗੁਰਦੇ ਦੇ ਨਾਰਮਲ ਫੰਕਸ਼ਨ ਨਿਭਾਉਂਦੇ ਹਨ, ਜਿਵੇਂ ਖ਼ੂਨ ਵਿੱਚ ਰਹਿੰਦ ਖੂੰਹਦ ਅਤੇ ਤਰਲ ਨੂੰ ਫਿਲਟਰ ਕਰਨਾ।


ਪੈਰੀਟੋਨੀਅਲ ਡਾਇਐਲੇਸਿਸ


ਹੀਮੋਡਾਇਐਲੇਸਿਸ

## ਹੀਮੋਡਾਇਐਲੇਸਿਸ

ਹੀਮੋਡਾਇਐਲੇਸਿਸ ਅਜਿਹਾ ਇਲਾਜ ਹੈ ਜਿਸ ਵਿੱਚ ਮਰੀਜ਼ ਦਾ ਖ਼ੂਨ ਇਕ ਨਕਲੀ ਗੁਰਦੇ ਵਿੱਚ ਦੀ ਲੰਘਾਇਆ ਜਾਂਦਾ ਹੈ। ਇਸ ਨਕਲੀ ਗੁਰਦੇ ਨੂੰ ਡਾਇਆਲਾਈਜ਼ਰ ਕਿਹਾ ਜਾਂਦਾ ਹੈ। ਡਾਇਆਲਾਈਜ਼ਰ ਰਹਿੰਦ-ਖੂਹੰਦ ਅਤੇ ਵਾਧੂ ਤਰਲ ਨੂੰ ਕੱਢਦਾ ਹੈ। ਕੋਈ ਸਰਜਨ ਜਾਂ ਨੈਫਰੌਲੋਜਿਸਟ (ਗੁਰਦਿਆਂ ਦਾ ਸਪੈਸ਼ਲਿਸਟ ਡਾਕਟਰ) ਤੁਹਾਡੀ ਬਾਂਹ ਦੀਆਂ ਖ਼ੂਨ ਦੀਆਂ ਨਾੜੀਆਂ ਵਿੱਚ ਇਕ ਛੋਟਾ ਜਿਹਾ ਅਪ੍ਰੇਸ਼ਨ ਕਰੇਗਾ ਤਾਂ ਜੋ ਖ਼ੂਨ ਡਾਇਆਲਾਈਜ਼ਰ ਵਿੱਚ ਜਾ ਸਕੇ। ਇਹ ਕਿਸੇ ਉਪਰੇਟਿੰਗ ਕਲਿਨਿਕ ਵਿੱਚ ਕੀਤਾ ਜਾ ਸਕਦਾ ਹੈ ਜਾਂ ਪੀ ਡੀ ਕਲਿਨਿਕ ਵਿੱਚ ਇਕ ਬੈੱਡ 'ਤੇ। ਤੁਹਾਡੀ ਕਿਡਨੀ ਟੀਮ ਨਾੜੀਆਂ ਤੱਕ ਪਹੁੰਚ ਬਾਰੇ ਤੁਹਾਨੂੰ ਹੋਰ ਜਾਣਕਾਰੀ ਦੇਵੇਗੀ। ਹੀਮੋਡਾਇਐਲੇਸਿਸ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ। ਕਈ ਮਰੀਜ਼ਾਂ ਨੂੰ ਅਜਿਹੀ ਹੀਮੋਡਾਇਐਲੇਸਿਸ ਸੰਭਾਲ ਦੀ ਲੋੜ ਹੁੰਦੀ ਹੈ, ਜਿਹੜੀ ਸਿਰਫ ਹਸਪਤਾਲ ਦੇ ਡਾਇਐਲੀਸਿਸ ਯੂਨਿਟ ਵਿੱਚ ਹੀ ਦਿੱਤੀ ਜਾ ਸਕਦੀ ਹੈ। ਜੇ ਤੁਹਾਡਾ ਡਾਇਐਲੀਸਿਸ ਸਟੇਬਲ ਹੋਵੇ ਤਾਂ ਤੁਹਾਨੂੰ ਕਮਿਊਨਿਟੀ ਦੇ ਡਾਇਐਲੀਸਿਸ ਯੂਨਿਟ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ ਜਾਂ ਡਾਇਐਲੀਸਿਸ ਘਰ ਵਿੱਚ ਕੀਤਾ ਜਾ ਸਕਦਾ ਹੈ।

## ਪੈਰੀਟੋਨੀਅਲ ਡਾਇਐਲੇਸਿਸ

ਪੈਰੀਟੋਨੀਅਲ ਡਾਇਐਲੇਸਿਸ ਖ਼ੂਨ ਨੂੰ ਸਾਫ ਕਰਨ ਅਤੇ ਵਾਧੂ ਤਰਲਾਂ ਨੂੰ ਕੱਢਣ ਵਿੱਚ ਮਦਦ ਲਈ ਡਾਇਐਲੀਸੇਟ ਨਾਂ ਦੇ ਇਕ ਖਾਸ ਘੋਲ ਅਤੇ ਤੁਹਾਡੇ ਪੇਟ ਦੀ ਅੰਦਰਲੀ ਤਹਿ (ਪੈਰੀਟੋਨੀਅਲ ਮੈਂਬਰੇਨ) ਦੀ ਇਕ ਫਿਲਟਰ ਵਜੋ ਵਰਤੋਂ ਕਰਦਾ ਹੈ। ਤੁਹਾਡੇ ਪੇਟ ਵਿੱਚ ਸਰਜਰੀ ਕਰ ਕੇ ਇਕ ਨਾਲੀ (ਕੈਥੇਟਰ) ਪਾਉਣੀ ਜ਼ਰੂਰੀ ਹੈ ਤਾਂ ਕਿ ਡਾਇਐਲੀਸੇਟ ਨੂੰ ਬਦਲਿਆ ਜਾ ਸਕੇ। ਪੈਰੀਟੋਨੀਅਲ ਡਾਇਐਲੇਸਿਸ ਘਰ ਵਿੱਚ ਕੀਤਾ ਜਾਂਦਾ ਹੈ, ਜਿਸ ਨੂੰ ਤੁਸੀਂ ਦਿਨ ਨੂੰ ਜਾਂ ਰਾਤ ਨੂੰ ਕਰ ਸਕਦੇ ਹੋ। ਤੁਹਾਡੀ ਪੈਰੀਟੋਨੀਅਲ ਡਾਇਐਲੇਸਿਸ ਦੀ ਟੀਮ ਇਹਨਾਂ ਚੋਣਾਂ ਬਾਰੇ ਤੁਹਾਨੂੰ ਹੋਰ ਜਾਣਕਾਰੀ ਦੇਵੇਗੀ।



ਘਰ ਵਿੱਚ ਹੀਮੋਡਾਇਐਲੇਸਿਸ

## ਚੰਗੀ ਸਿਹਤ ਘਰ ਤੋਂ ਸ਼ੁਰੂ ਹੁੰਦੀ ਹੈ।

ਬੀ ਸੀ ਵਿੱਚ ਵੱਡੀ ਗਿਣਤੀ ਵਿੱਚ ਮਰੀਜ਼ ਆਪਣੀ ਡਾਇਐਲੀਸਿਸ ਦੀ ਸੰਭਾਲ ਦਾ ਪ੍ਰਬੰਧ ਆਪਣੇ ਆਪ ਕਰਦੇ ਹਨ। ਖੋਜ ਸਪਸ਼ਟ ਦਰਸਾਉਂਦੀ ਹੈ ਕਿ ਜਦੋਂ ਮਰੀਜ਼ ਆਪਣੀ ਸੰਭਾਲ ਵਿੱਚ ਖ਼ੁਦ ਸ਼ਾਮਲ ਹੁੰਦੇ ਹਨ, ਉਦੋਂ ਮਰੀਜ਼ਾਂ ਲਈ ਬਿਹਤਰ ਨਤੀਜੇ ਨਿਕਲਦੇ ਹਨ।



## ਘਰ ਵਿੱਚ ਡਾਇਐਲੀਸਿਸ ਕਰਨ ਦੇ ਫਾਇਦੇ

- ਸਮੇਂ ਦੀਆਂ ਜ਼ਿਆਦਾ ਚੋਣਾਂ (ਫਲੈਕਸਬੀਲ ਸਕੈਜੂਅਲ)
- ਸਿਹਤ ਦੇ ਬਿਹਤਰ ਨਤੀਜੇ
- ਜ਼ਿਆਦਾ ਅਜ਼ਾਦੀ ਅਤੇ ਸਵੈ-ਨਿਰਭਰਤਾ
- ਕੰਮ 'ਤੇ ਵਾਪਸ ਜਾਣ ਦੀ ਯੋਗਤਾ
- ਜ਼ਿੰਦਗੀ ਦੀ ਬਿਹਤਰ ਕੁਆਲਟੀ
- ਡਾਇਐਲੀਸਿਸ ਲਈ ਹਸਪਤਾਲ ਜਾਂ ਕਲਿਨਿਕ ਵਿੱਚ ਘੱਟ ਫੇਰੀਆਂ
- ਟ੍ਰੈਵਲ ਕਰਨ ਦੀ ਚੋਣ

***ਡਾਇਐਲੀਸਿਸ ਦੀ ਸੰਭਾਲ ਦਾ ਪ੍ਰਬੰਧ ਆਪਣੇ ਆਪ ਕਰਨ ਦੇ ਕੁਝ ਫਾਇਦਿਆਂ ਦੀ ਝਲਕ ਬੀ ਸੀ ਦੇ ਕਿਡਨੀ ਦੇ ਮਰੀਜ਼ਾਂ ਦੇ ਸ਼ਬਦਾਂ ਵਿੱਚ ਮਿਲਦੀ ਹੈ:***

**"ਘਰ ਵਿੱਚ ਡਾਇਐਲੀਸਿਸ ਕਰਨ ਅਤੇ ਕੰਮ ਜਾਰੀ ਰੱਖਣ ਨਾਲ ਮੈਨੂੰ ਖ਼ੁਸ਼ੀ ਹੁੰਦੀ ਹੈ।"**

**"ਮੈਨੂੰ ਲਗਦਾ ਹੈ ਕਿ ਮੈਨੂੰ ਮੇਰੀ ਜ਼ਿੰਦਗੀ ਵਾਪਸ ਮਿਲ ਗਈ ਹੈ। ਮੇਰੇ ਦਿਨ ਵਿਹਲੇ ਹੁੰਦੇ ਹਨ।"**


**"ਮੈਂ ਲਗਭਗ ਸਭ ਕੁਝ ਆਪਣੇ ਆਪ ਕਰਦਾ ਹਾਂ, ਪਰ ਜੇ ਮੇਰਾ ਕੋਈ ਸਵਾਲ ਹੋਵੇ ਜਾਂ ਮੈਨੂੰ ਮਦਦ ਚਾਹੀਦੀ ਹੋਵੇ, ਤਾਂ ਨਰਸਾਂ ਮੌਜੂਦ ਹਨ।"**





## ਆਪਣੇ ਇਲਾਜ ਦਾ ਪ੍ਰਬੰਧ ਕਰਨਾ

ਟ੍ਰੇਨਿੰਗ, ਲਗਾਤਾਰ ਸੰਪਰਕ ਅਤੇ ਸਹਾਇਤਾ ਤੁਹਾਡੀ ਕਾਮਯਾਬੀ ਦੀਆਂ ਕੁੰਜੀਆਂ ਹਨ।



ਘਰ ਵਿੱਚ ਹੀਮੋਡਾਇਐਲੇਸਿਸ

## ਸਹਾਇਤਾ ਹਮੇਸ਼ਾਂ ਉਪਲਬਧ ਹੈ




ਤੁਸੀਂ ਡਾਇਐਲੀਸਿਸ ਦੀ ਕੋਈ ਵੀ ਕਿਸਮ ਚੁਣੋ, ਤੁਹਾਡੀ ਕਿਡਨੀ ਦੀ ਸੰਭਾਲ ਦੀ ਟੀਮ ਆਪਣੀ ਸੰਭਾਲ ਵਿੱਚ ਵੱਧ ਤੋਂ ਵੱਧ ਸਰਗਰਮ ਹੋਣ ਵਿੱਚ ਤੁਹਾਡੀ ਸਹਾਇਤਾ ਕਰੇਗੀ। ਇਹ ਤੁਹਾਡੀ ਖੁਰਾਕ ਅਤੇ ਦਵਾਈਆਂ ਦੇ ਪ੍ਰਬੰਧ ਤੋਂ ਸ਼ੁਰੂ ਹੋ ਸਕਦਾ ਹੈ। ਫਿਰ ਇਹ ਆਪਣੇ ਆਪ ਆਪਣੀ ਡਾਇਐਲੀਸਿਸ ਦਾ ਪ੍ਰਬੰਧ ਕਰਨ ਬਾਰੇ ਸਿੱਖਣ ਤੱਕ ਪਹੁੰਚ ਸਕਦਾ ਹੈ। ਟੀਮ ਹਰ ਕਦਮ 'ਤੇ ਤੁਹਾਡੀ ਮਦਦ ਕਰਨ ਲਈ ਮੌਜੂਦ ਹੈ।

**ਪੈਰੀਟੋਨੀਅਲ ਅਤੇ ਹੀਮੋਡਾਇਐਲੇਸਿਸ ਘਰ ਵਿੱਚ ਕਰਨ ਲਈ ਟ੍ਰੇਨਿੰਗ ਸਾਰੇ ਸੂਬੇ ਵਿੱਚ ਉਪਲਬਧ ਹੈ। ਟ੍ਰੇਨਿੰਗ ਦਾ ਸਮਾਂ ਡਾਇਐਲੀਸਿਸ ਦੀ ਕਿਸਮ ਮੁਤਾਬਕ ਵੱਖਰਾ ਵੱਖਰਾ ਹੈ। ਘਰ ਵਿੱਚ ਟ੍ਰੇਨਿੰਗ ਦੀਆਂ ਚੋਣਾਂ ਬਾਰੇ ਤੁਹਾਡੀ ਕਿਡਨੀ ਦੀ ਸੰਭਾਲ ਦੀ ਟੀਮ ਤੁਹਾਨੂੰ ਹੋਰ ਜਾਣਕਾਰੀ ਦੇ ਸਕਦੀ ਹੈ।**



## ਖਰਚਾ ਕਿੰਨਾ ਹੈ?

ਬੀ ਸੀ ਵਿੱਚ ਗੁਰਦਿਆਂ ਦੇ ਮਰੀਜ਼ ਇਸ ਗੱਲੋਂ ਖੁਸ਼ਕਿਸਮਤ ਹਨ ਕਿ ਉਹਨਾਂ ਨੂੰ ਡਾਇਐਲੀਸਿਸ ਅਤੇ ਉਸ ਨਾਲ ਸੰਬੰਧਿਤ ਦਵਾਈਆਂ ਲਈ ਬਹੁਤ ਘੱਟ ਖਰਚਾ ਜਾਂ ਕੋਈ ਵੀ ਖਰਚਾ ਨਹੀਂ ਦੇਣਾ ਪੈਂਦਾ। ਪੈਰੀਟੋਨੀਅਲ ਅਤੇ ਘਰ ਵਿੱਚ ਹੀਮੋਡਾਇਐਲੇਸਿਸ ਲਈ ਟ੍ਰੇਨਿੰਗ ਲਈ ਸਾਰਾ ਸਾਜ਼-ਸਾਮਾਨ ਅਤੇ ਸਪਲਾਈਆਂ, ਸਪਲਾਈਆਂ ਦੀ ਡਿਲਵਰੀ ਅਤੇ ਘਰ ਵਿੱਚ ਟੈਕਨੀਕਲ ਸੁਪੋਰਟ ਕਵਰ ਕੀਤੀ ਜਾਂਦੀ ਹੈ। ਘਰ ਵਿੱਚ ਹੀਮੋਡਾਇਐਲੇਸਿਸ ਲਈ ਪਲੰਬਿੰਗ ਅਤੇ ਇਲੈਕਟ੍ਰੀਕਲ ਦੀਆਂ ਤਬਦੀਲੀਆਂ ’ਤੇ ਵੀ ਇਹ ਹੀ ਗੱਲ ਲਾਗੂ ਹੁੰਦੀ ਹੈ। ਨੋਟ ਕਰੋ ਕਿ ਜੇ ਤੁਸੀਂ ਘਰ ਵਿੱਚ ਹੀਮੋਡਾਇਐਲੇਸਿਸ ਕਰਦੇ ਹੋ, ਤਾਂ ਪਾਣੀ ਦੀ ਵੱਧ ਵਰਤੋਂ, ਸੀਵਰੇਜ ਅਤੇ ਬਿਜਲੀ ਦੀ ਵੱਧ ਵਰਤੋਂ ਕਾਰਨ ਕੁੱਝ ਖਰਚੇ ਹੋ ਸਕਦੇ ਹਨ।



ਹੀਮੋਡਾਇਐਲੇਸਿਸ






ਸੋਚਣ ਲਈ ਕਿੰਨਾ ਕੁਝ ਹੈ...

## ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਮੇਰੇ ਲਈ ਕੀ ਠੀਕ ਹੈ?

ਡਾਇਐਲੀਸਿਸ ਤੁਹਾਡੀ ਜ਼ਿੰਦਗੀ ਵਿੱਚ ਵੱਡੀ ਭੂਮਿਕਾ ਨਿਭਾਏਗਾ। ਇਸ ਲਈ ਅਜਿਹੇ ਇਲਾਜ ਦੀ ਚੋਣ ਕਰਨਾ ਮਹੱਤਵਪੂਰਨ ਹੈ ਜਿਹੜਾ ਤੁਹਾਡੇ ਜੀਣ ਦੇ ਢੰਗ ਅਤੇ ਸ਼ਖਸੀਅਤ ਅਤੇ ਤੁਹਾਡੀਆਂ ਮੈਡੀਕਲ ਲੋੜਾਂ ਨਾਲ ਮੇਲ ਖਾਂਦਾ ਹੋਵੇ।



ਇਸ ਬਾਰੇ ਆਪਣੇ ਨੇੜੇ ਦੇ ਲੋਕਾਂ ਨਾਲ ਗੱਲ ਕਰੋ। ਬੀ ਸੀ ਰੀਨਲ ਦੇ ਵੈੱਬਸਾਈਟ BCRenal.ca ਤੇ ਜਾ ਕੇ ਵੀਡੀਓ ਦੇਖੋ ਕਿ ਦੂਸਰੇ ਮਰੀਜ਼ ਇਸ ਬਾਰੇ ਕੀ ਕਹਿੰਦੇ ਹਨ। ਆਪਣੇ ਗੁਰਦਿਆਂ ਦੇ ਡਾਕਟਰ ਅਤੇ ਸੰਭਾਲ ਕਰਨ ਵਾਲੀ ਟੀਮ ਨਾਲ ਗੱਲ ਕਰੋ, ਜਿਹਨਾਂ ਦਾ ਟੀਚਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸਭ ਤੋਂ ਵਧੀਆ ਫੈਸਲੇ ਕਰਨ ਵਿੱਚ ਤੁਹਾਡੀ ਮਦਦ ਕਰਨਾ ਹੈ।

ਇਸ ਅਮਲ ਵਿੱਚ ਮਦਦ ਕਰਨ ਲਈ, ਅਸੀਂ ਤੁਹਾਨੂੰ ਅਗਲੇ ਸਫਿਆਂ ’ਤੇ ਦਿੱਤੇ ਸਵਾਲਾਂ ਅਤੇ ਟੇਬਲਾਂ ਬਾਰੇ ਸੋਚਣ ਅਤੇ ਗੌਰ ਕਰਨ ਲਈ ਉਤਸ਼ਾਹ ਦਿੰਦੇ ਹਾਂ।

BCRenal
Provincial Health Services Authority

# ਡਾਇਐਲੀਸਿਸ ਬਾਰੇ ਤੁਹਾਡੇ ਫੈਸਲੇ ਨੂੰ ਸੇਧ ਦੇਣ ਲਈ ਸਵਾਲ

ਅਗਾਂਹ ਪੜ੍ਹਨਾ ਜਾਰੀ ਰੱਖਣ ਤੋਂ ਪਹਿਲਾਂ, ਤੁਸੀਂ ਹੇਠਾਂ ਦਿੱਤੇ ਸਵਾਲਾਂ ਬਾਰੇ ਧਿਆਨ ਨਾਲ ਸੋਚਣਾ ਚਾਹ ਸਕਦੇ ਹੋ, ਕਿਉਂਕਿ ਉਹ ਤੁਹਾਡੇ ਜੀਣ ਦੇ ਢੰਗ ਨਾਲ ਸੰਬੰਧਿਤ ਹਨ। ਤੁਹਾਡੇ ਲਈ ਕੀ ਮਹੱਤਵਪੂਰਨ ਹੈ? ਤੁਸੀਂ ਕਿਸ ਤਰ੍ਹਾਂ ਦੀਆਂ ਸਰਗਰਮੀਆਂ ਪਸੰਦ ਕਰਦੇ ਹੋ?

| | | |
|---|---|---|
| ਕੀ ਤੁਹਾਡੇ ਲਈ ਸਮੇਂ ਦੀਆਂ ਜ਼ਿਆਦ ਚੋਣਾਂ (ਫਲੈਕਸੀਬਲ ਸਕੈਜੂਅਲ) ਦਾ ਹੋਣਾ ਮਹੱਤਵਪੂਰਨ ਹੈ? | ਹਾਂ ☐ | ਨਹੀਂ ☐ |
| ਕੀ ਤੁਸੀਂ ਕੰਮ ਕਰਦੇ ਹੋ, ਸਕੂਲ ਜਾਂਦੇ ਹੋ, ਵਾਲੰਟੀਅਰ ਕਰਦੇ ਹੋ, ਪਰਿਵਾਰ ਦੀ ਦੇਖਭਾਲ ਕਰਦੇ ਹੋ? | ਹਾਂ ☐ | ਨਹੀਂ ☐ |
| ਕੀ ਤੁਹਾਡੀ ਜ਼ਿੰਦਗੀ ਵਿੱਚ ਹਮੇਸ਼ਾਂ ਚੱਲ ਸੋ ਚੱਲ ਲੱਗੀ ਰਹਿੰਦੀ ਹੈ? | ਹਾਂ ☐ | ਨਹੀਂ ☐ |
| ਕੀ ਤੁਹਾਡਾ ਜੀਣ ਦਾ ਢੰਗ ਸ਼ਾਂਤੀ ਵਾਲਾ ਹੈ? | ਹਾਂ ☐ | ਨਹੀਂ ☐ |
| ਕੀ ਤੁਸੀਂ ਸਰੀਰਕ ਤੌਰ ’ਤੇ ਸਰਗਰਮ ਹੋ? | ਹਾਂ ☐ | ਨਹੀਂ ☐ |
| ਕੀ ਤੁਸੀਂ ਕਲਿਨਿਕ ਦੇ ਮਾਹੌਲ ਦੀ ਥਾਂ ਘਰ ਵਿੱਚ ਡਾਇਐਲੀਸਿਸ ਕਰਨ ਨੂੰ ਤਰਜੀਹ ਦਿਉਗੇ? | ਹਾਂ ☐ | ਨਹੀਂ ☐ |
| ਕੀ ਤੁਸੀਂ ਟ੍ਰੈਵਲ ਕਰਨਾ ਪਸੰਦ ਕਰਦੇ ਹੋ? | ਹਾਂ ☐ | ਨਹੀਂ ☐ |
| ਕੀ ਤੁਸੀਂ ਹੀਮੋਡਾਇਐਲੇਸਿਸ ਲਈ ਹਫਤੇ ਵਿੱਚ ਤਿੰਨ ਵਾਰ ਕਿਸੇ ਡਾਇਐਲੀਸਿਸ ਦੇ ਕਲਿਨਿਕ ਵਿੱਚ ਆਉਣ ਦੇ ਯੋਗ ਹੋਵੋਗੇ? | ਹਾਂ ☐ | ਨਹੀਂ ☐ |
| ਕੀ ਤੁਸੀਂ ਆਪਣੇ ਫੈਸਲੇ ਖੁਦ ਕਰਨੇ ਪਸੰਦ ਕਰਦੇ ਹੋ? | ਹਾਂ ☐ | ਨਹੀਂ ☐ |
| ਕੀ ਤੁਸੀਂ ਆਪਣੀ ਸੰਭਾਲ ਵਿੱਚ ਸਰਗਰਮ ਰੋਲ ਨਿਭਾਉਣ ਬਾਰੇ ਠੀਕ ਮਹਿਸੂਸ ਕਰਦੇ ਹੋ? | ਹਾਂ ☐ | ਨਹੀਂ ☐ |
| ਕੀ ਤੁਸੀਂ ਡਾਇਐਲੀਸਿਸ ਬਾਰੇ ਟ੍ਰੇਨਿੰਗ ਸੈਸ਼ਨਾਂ ਵਿੱਚ ਆਉਣ ਲਈ ਆਪਣੇ ਕੰਮਾਂ-ਕਾਰਾਂ ਵਿੱਚ ਤਬਦੀਲੀ ਕਰ ਸਕਣ ਦੇ ਯੋਗ ਹੋਵੋਗੇ? | ਹਾਂ ☐ | ਨਹੀਂ ☐ |
| ਕੀ ਤੁਹਾਡੇ ਘਰ ਵਿੱਚ ਮੈਡੀਕਲ ਦੇ ਸਾਜ਼-ਸਾਮਾਨ ਅਤੇ ਸਪਲਾਈਆਂ ਲਈ ਥਾਂ ਹੈ? | ਹਾਂ ☐ | ਨਹੀਂ ☐ |

BCRenal
Provincial Health Services Authority

# ਡਾਇਐਲੀਸਿਸ ਦੀਆਂ ਚੋਣਾਂ ’ਤੇ ਇਕ ਝਾਤ

| | | ਪੈਰੀਟੋਨੀਅਲ ਡਾਇਐਲੀਸਿਸ | ਘਰ ਵਿੱਚ ਹੀਮੋਡਾਇਐਲੇਸਿਸ | ਹਸਪਤਾਲ ਅਤੇ ਕਮਿਊਨਿਟੀ ਦੇ ਯੂਨਿਟਾਂ ਵਿੱਚ ਡਾਇਐਲੀਸਿਸ* |
|---|---|---|---|---|
| ਜੀਣ ਦਾ ਢੰਗ | ਤੁਹਾਡੇ ਡਾਇਐਲੇਸਿਸ ਦੇ ਸਮੇਂ ਵਿੱਚ ਵੱਧ ਚੋਣਾਂ | ✓ | ✓ | ✗ |
| | ਤੁਹਾਨੂੰ ਆਪਣੀ ਸੰਭਾਲ ਅਤੇ ਡਾਇਐਲੀਸਿਸ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਆਗਿਆ ਦਿੰਦਾ ਹੈ। | ✓ | ✓ | ਕਦੇ ਕਦੇ |
| | ਪੋਰਟੇਬਲ ਹੈ, ਤਾਂ ਕਿ ਤੁਸੀਂ ਟ੍ਰੈਵਲ ਕਰ ਸਕੋ। | ✓ | ਕਦੇ ਕਦੇ | ✗ |
| | ਖੁਰਾਕ ਅਤੇ ਤਰਲ ਚੀਜ਼ਾਂ ਪੀਣ ਵਿੱਚ ਖੁੱਲ੍ਹ | ✓ | ✓ | ✗ |
| | ਡਾਇਐਲੀਸਿਸ ਲਈ ਹਰ ਹਫਤੇ 3 ਵਾਰ ਜਾਣ ਦੀ ਲੋੜ | ✗ | ✗ | ✓ |
| ਕਲੀਨੀਕਲ | ਤੁਹਾਨੂੰ ਜ਼ਿਆਦਾ ਡਾਇਐਲੀਸਿਸ ਕਰਨ ਦੀ ਆਗਿਆ ਦਿੰਦਾ ਹੈ, ਜਿਸ ਦਾ ਮਤਲਬ ਹੈ ਕਿ ਤੁਸੀਂ ਬਿਹਤਰ ਮਹਿਸੂਸ ਕਰੋਗੇ। | ✓ | ✓ | ✗ |
| | ਸੂਈਆਂ-ਰਹਿਤ ਇਲਾਜ | ✓ | ✗ | ✗ |
| | ਕਲਿਨਿਕ ਦੀਆਂ ਨਰਸਾਂ, ਡਾਈਟੀਸ਼ਨਾਂ, ਸੋਸ਼ਲ ਵਰਕਰਾਂ ਅਤੇ ਗੁਰਦੇ ਦੇ ਡਾਕਟਰਾਂ (ਨੈਫਰੋਲੌਜਿਸਟਸ) ਦੇ ਸਮਰਥਨ ਲਈ ਸਮਰਪਤ ਨੈੱਟਵਰਕ | ✓ | ✓ | ✓ |
| | ਕੁੱਝ ਦਵਾਈਆਂ ਨੂੰ ਘਟਾਉਣ ਦੀ ਸੰਭਾਵਨਾ | ✓ | ✓ | ✗ |
| | ਪੇਟ ਵਿੱਚ ਪੱਕੀ ਨਾਲੀ (ਕੈਥੇਟਰ) | ✓ | ✗ | ✗ |
| | ਨਾੜੀਆਂ ਤੱਕ ਪਹੁੰਚ ਲਈ ਸਰਜਰੀ ਦੀ ਲੋੜ | ✗ | ✓ | ✓ |
| ਤੁਹਾਡਾ ਰੋਲ | ਸਪਲਾਈਆਂ ਸਟੋਰ ਕਰਨ ਲਈ ਥਾਂ ਦੀ ਲੋੜ | ✓ | ✓ | ✗ |
| | ਸਪਲਾਈਆਂ ਲਈ ਆਰਡਰ ਕਰਨ ਅਤੇ ਘਰ ਵਿੱਚ ਡਿਲੀਵਰੀ ਲੈਣ ਲਈ ਤੁਸੀਂ ਜ਼ਿੰਮੇਵਾਰ ਹੋ | ✓ | ✓ | ✗ |
| | ਟ੍ਰੇਨਿੰਗ ਦੀ ਲੋੜ ਹੈ (ਕਈ ਦਿਨਾਂ ਤੋਂ ਲੈ ਕੇ ਹਫਤਿਆਂ ਤੱਕ) | ✓ | ✓ | ✗ |
| | ਤੁਹਾਡੇ ਘਰ ਦੇ ਸਿਉਰ/ਸੈਪਟਿਕ ਦੇ ਸਿਸਟਮ ਦਾ ਮੁੱਲਾਂਕਣ ਕਰਨ ਦੀ ਲੋੜ | ✗ | ਕਦੇ ਕਦੇ | ✗ |
| | ਤੁਹਾਡੀ ਨਾੜੀਆਂ ਤੱਕ ਪਹੁੰਚ ਵਿੱਚ ਸੂਈ ਲਾਉਣ ਲਈ ਸਿੱਖਿਆ | ✗ | ਕਦੇ ਕਦੇ | ✗ |
| | ਟੈਲੀਫੋਨ ਤੱਕ ਪਹੁੰਚ ਦੀ ਲੋੜ ਹੈ | ✓ | ✓ | ✗ |
| | ਇੰਟਰਨੈੱਟ ਤੱਕ ਪਹੁੰਚ ਦੀ ਲੋੜ ਹੈ | ਕਦੇ ਕਦੇ | ✗ | ✗ |
| | ਤੁਸੀਂ ਆਪਣੇ ਡਾਇਐਲੀਸਿਸ ਨੂੰ ਸੈੱਟ ਕਰਦੇ ਹੋ ਅਤੇ ਉਸ ਦੀ ਨਿਗਰਾਨੀ ਕਰਦੇ ਹੋ | ✓ | ✓ | ✗ |
| ਵਿੱਤੀ | ਸਪਲਾਈਆਂ ਅਤੇ ਡਿਲਿਵਰੀ ਦੇ ਖਰਚੇ ਕਵਰ ਹਨ | ✓ | ✓ | ✓ |
| | ਘਰ ਵਿੱਚ ਇਲੈਕਟ੍ਰੀਕਲ ਅਤੇ ਪਲੰਬਿੰਗ ਵਿੱਚ ਅਪਗ੍ਰੇਡ ਕਰਨ ਦੀ ਲੋੜ ਦੀ ਸੰਭਾਵਨਾ (ਖਰਚਾ ਪ੍ਰੋਗਰਾਮ ਅਧੀਨ ਕਵਰ ਹੁੰਦਾ ਹੈ) | ✗ | ਕਦੇ ਕਦੇ | ✗ |

**ਨੋਟ:**

BCRenal
Provincial Health Services Authority

ਇਸ ਬ੍ਰੋਸ਼ਰ ਵਿਚਲੀਆਂ ਕੁੱਝ ਫੋਟੋਆਂ ਬ੍ਰਿਟਿਸ਼ ਕੋਲੰਬੀਆ ਦੇ ਗੁਰਦਿਆਂ ਦੇ ਮਰੀਜ਼ਾਂ ਦੀਆਂ ਹਨ। ਬੀ ਸੀ ਰੀਨਲ ਉਹਨਾਂ ਦੇ ਯੋਗਦਾਨ ਲਈ ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਧੰਨਵਾਦ ਕਰਦੀ ਹੈ।

ਫੋਨ: 604-875-7340
ਈਮੇਲ: bcrenal@bcrenal.ca
ਵੈੱਬ: BCRenal.ca

@BCRenal